ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ

ਲੁਧਿਆਣਾ, 8 ਜੂਨ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਛੇਵੀਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮ੍ਰਪਿਤ ਸਪਤਾਹਿਕ ਗੁਰਮਤਿ ਸਮਾਗਮ ਕਰਵਾਇਆ ਗਿਆ। ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥਿਆਂ ਭਾਈ ਹਰਪ੍ਰੀਤ ਸਿੰਘ ਖਾਲਸਾ, ਭਾਈ ਗੁਰਮੇਲ ਸਿੰਘ ਬਰਨਾਲਾ, ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਪਰਮਵੀਰ ਸਿੰਘ ਲੁਧਿਆਣਾ ਵਾਲਿਆਂ ਅਤੇ ਵਿਸ਼ੇਸ਼ ਤੌਰ 'ਤੇ ਪੁੱਜੇ ਭਾਈ ਸੁਖਜਿੰਦਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ। ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਭਾਈ ਮਨਪ੍ਰੀਤ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਆਖਿਆ ਕਿ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਨਾਲ ਜੀਵਨ ਦੇ ਅਸਲ ਮਾਰਗ ਦੀ ਸਚਾਈ ਪ੍ਰਾਪਤ ਹੁੰਦੀ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਰਾਗੀ ਜਥਿਆਂ ਨੂੰ ਸਿਰਪਾਓ ਭੇਟ ਕੀਤੇ। ਇਹ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤੇ।ਇਸ ਸਮੇਂ ਪਰਮਜੀਤ ਸਿੰਘ ਲਾਇਲਪੁਰੀ, ਤੇਜਿੰਦਰ ਡੰਗ, ਤਰਲੋਚਨ ਸਿੰਘ ਬੱਬਰ, ਮਨਪ੍ਰੀਤ ਸਿੰਘ ਪ੍ਰਿੰਸ, ਗੁਰਜੀਤ ਸਿੰਘ ਟੋਨੀ ਗਿੱਲ ਐਨਆਰਆਈ, ਇੰਦਰਜੀਤ ਸਿੰਘ ਮੱਕੜ, ਜਤਿੰਦਰਪਾਲ ਸਿੰਘ ਸਲੂਜਾ, ਸੁਰਿੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਇੰਦਰਜੀਤ ਸਿੰਘ ਗੋਲਾ, ਲਖਵਿੰਦਰ ਸਿੰਘ ਲੱਖਾ, ਸੁਰਿੰਦਰ ਸਿੰਘ ਨਾਰੰਗ, ਮੋਹਨ ਸਿੰਘ ਚੌਹਾਨ, ਅਰਜੁਨ ਸਿੰਘ ਚੀਮਾ, ਪਰਮਿੰਦਰ ਸਿੰਘ, ਰਵਿੰਦਰ ਸਿੰਘ ਰਵੀ, ਗੁਰਮੀਤ ਸਿੰਘ, ਸੁਨੀਲ ਕੁਮਾਰ, ਦਵਿੰਦਰ ਕੌਰ ਸੋਹਲ, ਜਸਮੇਲ ਕੌਰ ਖੇੜੀਕਲਾਂ, ਰਵਨੀਤ ਕੌਰ ਖੇੜੀਕਲਾਂ, ਅਰਵਿੰਦਰ ਕੌਰ ਆਦਿ ਵੀ ਹਾਜ਼ਰ ਸਨ।

ਮੱਕੜ ਨੇ ਮਹਿਲਾ ਵਿੰਗ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ 'ਤੇ ਦਿੱਤੀ ਵਧਾਈ

ਲੁਧਿਆਣਾ, 8 ਜੂਨ (ਵਿਸ਼ਾਲ ਸ਼ਰਮਾ): ਸ਼ਰਨਪਾਲ ਸਿੰਘ ਮੱਕੜ ਸੀਨੀਅਰ ਵਾਈਸ ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀਜ਼ ਅਤੇ ਇੰਚਾਰਜ ਲੋਕ ਸਭਾ ਹਲਕਾ ਲੁਧਿਆਣਾ ਨੇ ਪੰਜਾਬ ਦੇ ਮਹਿਲਾ ਵਿੰਗ ਨੂੰ ਉਨ੍ਹਾਂ ਦੇ ਸਮਰਪਿਤ ਅਤੇ ਪ੍ਰਭਾਵਸ਼ਾਲੀ ਸੰਗਠਨਾਤਮਕ ਕੰਮ ਲਈ ਵਧਾਈ ਦਿੱਤੀ। ਉਨ੍ਹਾਂ ਨੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਇੰਦਰਜੀਤ ਕੌਰ ਸੂਬਾ ਸੀਨੀਅਰ ਵਾਈਸ ਪ੍ਰਧਾਨ ਮਹਿਲਾ ਵਿੰਗ, ਖੁਸ਼ਬੋ ਬਾਂਸਲ ਖੁਸ਼ਬੋ ਬਾਂਸਲ ਸੂਬਾ ਸੰਯੁਕਤ ਸਕੱਤਰ ਮਹਿਲਾ ਵਿੰਗ, ਅਤੇ ਸਾਬਕਾ ਸਰਪੰਚ ਗੁਰਪ੍ਰੀਤ ਕੌਰ ਗਰੇਵਾਲ ਗੁਰਪ੍ਰੀਤ ਕੌਰ ਗਰੇਵਾਲ ਜ਼ਿਲ੍ਹਾ ਉਪ ਪ੍ਰਧਾਨ ਦਿਹਾਤੀ-1 ਦੇ ਯਤਨਾਂ ਦੀ ਬਹੁਤ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਵਚਨਬੱਧਤਾ ਅਤੇ ਜ਼ਮੀਨੀ ਪੱਧਰ 'ਤੇ ਸ਼ਮੂਲੀਅਤ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਦ੍ਰਿਸ਼ਟੀਕੋਣ ਅਤੇ ਮਿਸ਼ਨ ਨੂੰ ਹੋਰ ਮਜ਼ਬੂਤ ਕਰੇਗੀ। ਉਨ੍ਹਾਂ ਦਾ ਕੰਮ ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਏਗਾ, ਜ਼ਮੀਨੀ ਪੱਧਰ 'ਤੇ ਲੀਡਰਸ਼ਿਪ ਨੂੰ ਸਸ਼ਕਤ ਬਣਾਏਗਾ, ਅਤੇ ਰਾਜ ਭਰ ਵਿੱਚ ਸੰਗਠਨਾਤਮਕ ਪਹੁੰਚ ਦਾ ਵਿਸਤਾਰ ਕਰੇਗਾ। ਲੀਡਰਸ਼ਿਪ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਉਨ੍ਹਾਂ ਦੇ ਸਮਰਪਣ, ਏਕਤਾ ਅਤੇ ਨਿਰੰਤਰ ਯਤਨਾਂ ਦੇ ਤਹਿਤ, ਪਾਰਟੀ ਪੰਜਾਬ ਭਰ ਵਿੱਚ ਜਨਤਕ ਸੇਵਾ ਅਤੇ ਸਮਾਜਿਕ ਵਿਕਾਸ ਪਹਿਲਕਦਮੀਆਂ ਵਿੱਚ ਵੱਡੀ ਸਫਲਤਾ ਪ੍ਰਾਪਤ ਕਰੇਗੀ।

ਛੇਤੀ ਨਿਆਂ ਪ੍ਰਾਪਤ ਕਰਨ ਲਈ ਸਥਾਈ ਲੋਕ ਅਦਾਲਤ ਦਾ ਲਿਆ ਜਾਵੇ ਲਾਭ : ਜ਼ਿਲ੍ਹਾ ਤੇ ਸੈਸ਼ਨਜ਼ ਜੱਜ

ਲੁਧਿਆਣਾ, 8 ਜੂਨ (ਵਿਸ਼ਾਲ ਸ਼ਰਮਾ): ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਮੈਡਮ ਹਰਪ੍ਰੀਤ ਕੌਰ ਰੰਧਾਵਾ ਵੱਲੋਂ ਸਥਾਈ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਭ ਲੈਣ 'ਤੇ ਜ਼ੋਰ ਦਿੱਤਾ ਗਿਆ। ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਰੰਧਾਵਾ ਨੇ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ ਨਗਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪੱਧਰ 'ਤੇ ਸਥਾਈ ਲੋਕ ਅਦਾਲਤਾਂ (ਜਨ ਉਪਯੋਗੀ ਸੇਵਾਵਾਂ) ਕਾਨੂੰਨੀ ਸੇਵਾਵਾਂ ਅਥਾਰਟੀਜ਼, 1987 ਦੀ ਧਾਰਾ 22-ਬੀ ਦੇ ਤਹਿਤ ਸਥਾਪਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀਜ਼ ਅਮੈਂਡਮੈਂਟ ਐਕਟ, 2002 ਅਨੁਸਾਰ ਜ਼ਿਲ੍ਹਾ ਪੱਧਰ 'ਤੇ ਸਥਾਈ ਲੋਕ ਅਦਾਲਤਾਂ (ਜਨ ਉਪਯੋਗੀ ਸੇਵਾਵਾਂ) ਦਾ ਗਠਨ ਕੀਤਾ ਗਿਆ, ਜਦਕਿ ਪਰਮਾਨੈਂਟ ਲੋਕ ਅਦਾਲਤ ਵਿੱਚ (ਜਨ ਉਪਯੋਗੀ ਸੇਵਾਵਾਂ) ਵਿੱਚ 1 ਚੇਅਰਪਰਸਨ ਅਤੇ 2 ਮੈਂਬਰ ਸਾਹਿਬਾਨ ਹੁੰਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਜਨ ਉਪਯੋਗੀ ਸੇਵਾਵਾਂ ਨਾਲ ਸਬੰਧਤ ਪ੍ਰੀ-ਲਿਟੀਗੇਟਿਵ ਕੇਸਾਂ (ਜਿਹੜੇ ਕੇਸ ਅਦਾਲਤਾਂ ਵਿੱਚ ਲੰਬਿਤ ਨਹੀਂ ਹਨ), ਦਾ ਫੈਸਲਾ ਕੀਤਾ ਜਾਂਦਾ ਹੈ। ਇਸ ਸਥਾਈ ਲੋਕ ਅਦਾਲਤ ਵਿੱਚ ਜਨ ਉਪਯੋਗੀ ਸੇਵਾਵਾਂ ਜਿਵੇਂ ਕਿ ਆਵਾਜਾਈ ਸੇਵਾਵਾਂ, ਪੋਸਟਲ, ਟੈਲੀਫੋਨ ਸੇਵਾਵਾਂ, ਬਿਜਲੀ ਸੇਵਾਵਾਂ ਸਬੰਧੀ ਮਾਮਲੇ, ਪਾਣੀ ਸਬੰਧੀ ਮਾਮਲੇ, ਕੁਦਰਤੀ ਸਾਧਨਾਂ ਦੀ ਸੁਰੱਖਿਆ ਜਾਂ ਸੈਨੀਟੇਸ਼ਨ ਸਬੰਧੀ ਮਾਮਲੇ, ਹਸਪਤਾਲਾਂ ਜਾਂ ਡਿਸਪੈਂਸਰੀਆਂ ਵਿੱਚ ਸੇਵਾਵਾਂ ਸਬੰਧੀ ਮਾਮਲੇ, ਬੀਮਾ ਸੇਵਾਵਾਂ, ਬੈਂਕਿੰਗ ਸੇਵਾਵਾਂ, ਹਾਊਸਿੰਗ ਸੇਵਾਵਾਂ, ਫਾਇਨਾਂਸ ਸੇਵਾਵਾਂ, ਸਿੱਖਿਆ ਪ੍ਰਦਾਨ ਕਰਨ ਅਤੇ ਇਸ ਨਾਲ ਜੁੜੇ ਮਾਮਲੇ, ਐਲ.ਪੀ.ਜੀ ਦੇ ਨਵੇਂ ਕੁਨੈਕਸ਼ਨ, ਸਪਲਾਈ, ਰਿਫਿਲਿੰਗ ਅਤੇ ਇਸ ਨਾਲ ਜੁੜੇ ਮਾਮਲੇ, ਆਧਾਰ ਕਾਰਡ, ਰਾਸ਼ਨ ਕਾਰਡ, ਵੋਟਰ ਸ਼ਨਾਖਤੀ ਕਾਰਡ ਅਤੇ ਬੀ.ਪੀ.ਐੱਲ ਕਾਰਡ ਜਾਰੀ ਕਰਨ ਸਬੰਧੀ, ਬੁਢਾਪਾ ਪੈਨਸ਼ਨ, ਵਿਧਵਾ ਸਕੀਮ, ਸ਼ਗਨ ਸਕੀਮ ਅਤੇ ਬੇਰੁਜ਼ਗਾਰੀ ਭੱਤੇ ਦੀਆਂ ਸੇਵਾਵਾਂ ਸਬੰਧੀ ਮਾਮਲੇ, ਜਨਤਕ ਵੰਡ ਸਬੰਧੀ ਸੇਵਾਵਾਂ, ਜਨਮ ਤੇ ਮੌਤ ਦੀ ਰਜਿਸਟ੍ਰੇਸ਼ਨ ਨਾਲ ਸਬੰਧਿਤ ਸੇਵਾਵਾਂ ਆਦਿ ਨਾਲ ਸਬੰਧਿਤ ਕੇਸਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ।

ਬੰਦੀ ਸਿੰਘਾਂ ਦੀ ਰਿਹਾਈ ਲਈ ਅੱਜ ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਕੀਤਾ ਜਾਵੇਗਾ ਫ਼ਰੀ

ਲੁਧਿਆਣਾ, 8 ਜੂਨ (ਰਵਿੰਦਰ ਸਿੰਘ ਨਿੱਝਰ): ਪਿਛਲੇ ਦਿਨੀਂ ਕੌਮੀ ਇਨਸਾਫ ਮੋਰਚੇ ਵੱਲੋਂ ਕਿਸਾਨ ਭਵਨ ਚੰਡੀਗੜ੍ਹ ਵਿੱਚ ਕੌਮੀ ਇਨਸਾਫ ਮੋਰਚੇ ਦੀ ਲੀਡਰਸ਼ਿਪ, ਕਿਸਾਨਾਂ ਮਜ਼ਦੂਰਾਂ ਅਤੇ ਸਿੱਖ ਜਥੇਬੰਦੀਆਂ, ਅਤੇ ਬੁੱਧੀਜੀਵੀਆਂ ਸਮਾਜ ਪ੍ਰਤੀ ਦਰਦ ਰੱਖਣ ਵਾਲੀਆਂ ਸ਼ਖਸ਼ੀਅਤਾਂ, ਸੰਤ ਮਹਾਂਪੁਰਸ਼ਾਂ ਦੀ ਸਾਂਝੀ ਮੀਟਿੰਗ ਹੋਈ, ਜਿਸ ਵਿਚ 9 ਜੂਨ ਨੂੰ ਲਾਢੋਵਾਲ ਟੋਲ ਪਲਾਜ਼ਾ 2 ਘੰਟੇ ਲਈ ਪਰਚੀ ਫ੍ਰੀ ਕੀਤਾ ਜਾਵੇਗਾ। ਅੱਜ ਟੋਲ ਪਲਾਜ਼ਾ ਪ੍ਰਦਰਸ਼ਨ ਦੀ ਤਿਆਰੀ ਲਈ ਲੁਧਿਆਣਾ ਵਿਖੇ ਕੌਮੀ ਇਨਸਾਫ਼ ਮੋਰਚੇ ਦੀ ਮੀਟਿੰਗ ਹੋਈ ਅਤੇ ਪ੍ਰੈਸ ਕਾਨਫਰੰਸ ਕੀਤੀ ਗਈ। ਮੀਟਿੰਗ ਵਿੱਚ ਕੱਲ੍ਹ ਵੱਡੀ ਗਿਣਤੀ ਵਿੱਚ ਸੰਗਤਾਂ ਪੁੱਜਣ, ਇਸ ਲਈ ਵੱਖ ਵੱਖ ਜਥੇਬੰਦੀਆਂ ਦੀ ਜ਼ਿੰਮੇਵਾਰੀ ਲਾਈ ਗਈ। ਗੁਰਦੀਪ ਸਿੰਘ ਬਠਿੰਡਾ, ਪਾਲ ਸਿੰਘ ਫਰਾਂਸ,ਕਿਸਾਨ ਆਗੂ ਡਾ ਦਰਸ਼ਨ ਪਾਲ, ਗੁਰਿੰਦਰ ਸਿੰਘ ਭੰਗੂ, ਤਰੁਣ ਜੈਨ ਬਾਵਾ ਅਤੇ ਬਲਵਿੰਦਰ ਸਿੰਘ ਫਿਰੋਜ਼ਪੁਰ ਹਾਜ਼ਰ ਸਨ। ਮੀਟਿੰਗ ਦੌਰਾਨ ਝੋਨੇ ਦੀ ਲਵਾਈ ਨੂੰ ਧਿਆਨ ਵਿੱਚ ਰੱਖ ਕੇ ਰੇਲ ਰੋਕਣ ਦੇ ਅਗਲੇ ਪ੍ਰੋਗਰਾਮ ਵਿੱਚ ਤਬਦੀਲੀ ਕੀਤੀ ਗਈ। 16 ਜੂਨ ਨੂੰ ਰਾਜਪੁਰਾ ਵਿਖੇ, 2 ਘੰਟੇ ਲਈ ਰੇਲ ਰੋਕੋ ਐਕਸ਼ਨ ਹੁਣ 4 ਜੁਲਾਈ ਨੂੰ ਕੀਤਾ ਜਾਵੇਗਾ, ਜਿਸ ਵਿਚ 12 ਤੋਂ 2 ਵੱਜੇ ਤਕ ਰੇਲ ਰੋਕੀ ਜਾਵੇਗੀ।

15 ਅਗਸਤ ਨੂੰ ਆਰ ਪਾਰ ਦੀ ਲੜਾਈ ਲਈ ਵੀ ਵਿਚਾਰ ਕੀਤਾ ਗਿਆ ਅਤੇ ਇਸ ਵਿੱਚ ਸਮੁੱਚੇ ਪੰਥ ਅਤੇ ਪੰਜਾਬ ਦੀ ਸ਼ਮੂਲੀਅਤ ਲਈ ਚਰਚਾ ਹੋਈ। ਇਸ ਲਈ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਵਰਗਾਂ ਨੂੰ ਨਾਲ ਜੋੜ੍ਹਿਆ ਜਾਵੇਗਾ। ਹਰਿਆਣਾ, ਰਾਜਸਥਾਨ, ਦਿੱਲੀ ਅਤੇ ਜੰਮੂ ਕਸ਼ਮੀਰ ਦੇ ਸਿੱਖਾਂ ਨੂੰ ਵੀ ਇਸ ਰੋਸ ਮਾਰਚ ਵਿੱਚ ਸ਼ਾਮਿਲ ਕਰਾਉਣ ਦਾ ਯਤਨ ਹੋਵੇਗਾ। ਸਿੱਖ ਪੰਥ ਦੀਆਂ ਵੱਖ ਵੱਖ ਜਥੇਬੰਦੀਆਂ ਇਸ ਮਾਮਲੇ ਉੱਤੇ ਇਕ ਕਰਨ ਦਾ ਕਾਰਜ ਆਰੰਭ ਹੋਵੇਗਾ ਅਤੇ ਲੱਖਾਂ ਦੀ ਗਿਣਤੀ ਵਿੱਚ ਇਕੱਠੇ ਹੋਕੇ ਕੇਂਦਰ ਅਤੇ ਪੰਜਾਬ ਸਰਕਾਰ ਦੇ ਜ਼ੁਲਮ ਅਤੇ ਹੰਕਾਰ ਨੂੰ ਤੋੜਿਆ ਜਾਵੇਗਾ ਇਸ ਸਮੇਂ ਹਰਕੀਰਤ ਸਿੰਘ ਰਾਣਾ, ਜਸਵੰਤ ਸਿੰਘ ਚੀਮਾ, ਜਤਿੰਦਰ ਸਿੰਘ ਈਸੜੂ ਅਤੇ ਜਸਪਾਲ ਸਿੰਘ ਪ੍ਰਿੰਸ ਆਦਿ ਵੀ ਹਾਜ਼ਰ ਸਨ।

ਕੇਵਲ ਸਿੰਘ ਢਿੱਲੋਂ ਦੇ ਪੰਜਾਬ ਪ੍ਰਧਾਨ ਬਣਨ ਨਾਲ ਭਾਜਪਾ ਦੀ ਦਿਖੇਗੀ ਨਵੀਂ ਤਸਵੀਰ : ਹੌਬੀ

ਲੁਧਿਆਣਾ, 8 ਜੂਨ (ਰਵਿੰਦਰ ਸਿੰਘ ਨਿੱਝਰ) : ਭਾਜਪਾ ਪੰਜਾਬ ਦੇ ਸੀਨੀਅਰ ਆਗੂ ਜਸਪ੍ਰੀਤ ਸਿੰਘ ਹੌਬੀ ਵੱਲੋਂ ਪੰਜਾਬ ਭਾਜਪਾ ਦੇ ਨਵੇਂ ਬਣੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੂੰ ਪਾਰਟੀ ਵੱਲੋਂ ਮਿਲੀ ਪੰਜਾਬ ਸੂਬੇ ਦੀ ਅਹਿਮ ਜ਼ਿੰਮੇਵਾਰੀ ਸਬੰਧੀ ਅੱਜ ਉਹਨਾਂ ਦੇ ਚੰਡੀਗੜ੍ਹ ਗ੍ਰਹਿ ਵਿਖੇ ਜਾ ਕੇ ਉਹਨਾਂ ਨੂੰ ਇਸ ਸ਼ੁਭ ਘੜੀ ਦੀ ਮੁਬਾਰਕਬਾਦ ਦਿੱਤੀ ਅਤੇ ਗੁਲਦਸਤਾ ਭੇਂਟ ਕਰ ਕੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਹੌਬੀ ਨੇ ਕਿਹਾ ਢਿੱਲੋਂ ਦੇ ਪੰਜਾਬ ਪ੍ਰਧਾਨ ਬਣਨ ਨਾਲ ਪੰਜਾਬ ਭਾਜਪਾ ਦੀ ਸੂਬੇ ਅਤੇ ਪਾਰਟੀ ਦੇ ਅੰਦਰ ਇੱਕ ਨਵੀਂ ਤਸਵੀਰ ਦਿਖੇਗੀ, ਜੋ ਕਿ ਆਉਣ ਵਾਲੀਆਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਵਿੱਚ ਸਰਕਾਰ ਬਣਾਉਣ ਦੇ ਵਿੱਚ ਅਹਿਮ ਰੋਲ ਅਦਾ ਕਰੇਗੀ। ਹੌਬੀ ਨੇ ਕਿਹਾ ਢਿੱਲੋਂ ਇੱਕ ਬਹੁਤ ਹੀ ਨੇਕ ਵਧੀਆ ਅਤੇ ਵੱਡੇ ਦਿਲ ਦੇ ਮਾਲਕ ਹਨ, ਜੋ ਕਿ ਹਰ ਇੱਕ ਵਰਗ ਨੂੰ ਨਾਲ ਲੈ ਕੇ ਚੱਲਣਾ ਚੰਗੇ ਤਰੀਕੇ ਜਾਣਦੇ ਹਨ ਅਤੇ ਜਿਸ ਟੀਮ ਦਾ ਮੁਖੀ ਹਰ ਵਰਗ ਨੂੰ ਪਿਆਰ ਕਰਦੇ ਹੋਏ ਨਾਲ ਲੈ ਕੇ ਚੱਲਣ ਦੀ ਸੋਚ ਰੱਖਦਾ ਹੋਵੇ ਉਸ ਟੀਮ ਦੀ ਤਰੱਕੀ ਨੂੰ ਕੋਈ ਵੀ ਨਹੀਂ ਰੋਕ ਸਕਦਾ।ਢਿੱਲੋਂ ਦੀ ਅਗਵਾਈ ਹੇਠ ਪੂਰੀ ਪੰਜਾਬ ਭਾਜਪਾ ਦੀ ਲੀਡਰਸ਼ਿਪ ਇਕੱਠੇ ਹੋ ਕੇ 2027 ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਡੱਟ ਕੇ ਲੜਾਈ ਲੜੇਗੀ।

ਹੌਬੀ ਨੇ ਪੰਜਾਬ ਦੀ ਸੰਗਤ ਨੂੰ ਅਪੀਲ ਕੀਤੀ ਕਿ ਹੁਣ ਇਸ ਵਾਰ 2027 ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਸੰਗਤ ਭਾਜਪਾ ਦੀ ਸਰਕਾਰ ਬਣਾਉਣ ਵਿੱਚ ਅਹਿਮ ਯੋਗਦਾਨ ਪਾਵੇ ਤਾਂ ਜੋ ਪੰਜਾਬ ਨੂੰ ਵੀ ਦੂਜੇ ਸੂਬਿਆਂ ਵਾਂਗ ਤਰੱਕੀ ਵੱਲ ਲਜਾਇਆ ਜਾ ਸਕੇ ਅਤੇ ਪਹਿਲੇ ਵਾਂਗ ਸੋਨੇ ਦੀ ਚਿੜੀ ਬਣਾਉਣ ਦੇ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਦਿਨ ਰਾਤ ਮਿਹਨਤ ਕਰਕੇ ਪੰਜਾਬ ਨੂੰ ਦੁਬਾਰਾ ਮੁੜ ਤੋਂ ਵਿਕਾਸ ਦੀ ਲੀਹ 'ਤੇ ਲਿਆਉਣ ਵਿੱਚ ਕੋਈ ਕਸਰ ਨਾ ਛੱਡੀ ਜਾਵੇ।

ਰਿਪੋਰਟ ਆਈ, ਪਰ ਕਾਰਵਾਈ ਨਹੀਂ ਹੋਈ, ਉਮੈਦਪੁਰ ਦੇ ਸਰਕਾਰੀ ਰਸਤਿਆਂ 'ਤੇ ਕਬਜ਼ਿਆਂ ਨੂੰ ਲੈ ਕੇ ਉੱਠੇ ਸਵਾਲ

ਸਾਹਨੇਵਾਲ, ਕੁਹਾੜਾ, 8 ਜੂਨ (ਕੁਲਦੀਪ ਸਿੰਘ ਕੁਹਾੜਾ) : ਸਬ-ਤਹਿਸੀਲ ਸਾਹਨੇਵਾਲ ਅਧੀਨ ਪੈਂਦੇ ਪਿੰਡ ਉਮੈਦਪੁਰ ਵਿੱਚ ਪੰਚਾਇਤੀ ਰਸਤਿਆਂ ਅਤੇ ਸ਼ਾਮਲਾਟ ਜ਼ਮੀਨ ਉੱਤੇ ਕਥਿਤ ਨਾਜਾਇਜ਼ ਕਬਜ਼ਿਆਂ ਦਾ ਮਾਮਲਾ ਕਾਫੀ ਸਮੇਂ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਦੋਸ਼ ਲਗਾਇਆ ਹੈ ਕਿ ਪੰਚਾਇਤ ਵਿਭਾਗ ਅਤੇ ਕੁਝ ਅਧਿਕਾਰੀਆਂ ਦੀ ਕਥਿਤ ਮਿਲੀਭੁਗਤ ਕਾਰਨ ਸਰਕਾਰੀ ਰਸਤਿਆਂ ਵਿੱਚ ਫੈਕਟਰੀਆਂ ਤੱਕ ਉਸਾਰ ਦਿੱਤੀਆਂ ਗਈਆਂ ਹਨ, ਪਰ ਨਿਸ਼ਾਨਦੇਹੀ ਰਿਪੋਰਟ ਆਉਣ ਦੇ ਬਾਵਜੂਦ ਵੀ ਕੋਈ ਕਾਰਵਾਈ ਅਮਲ ਵਿੱਚ ਨਹੀ ਲਿਆਦੀ।

ਜਾਣਕਾਰੀ ਅਨੁਸਾਰ ਪਿੰਡ ਉਮੈਦਪੁਰ ਦੀ ਪੰਚਾਇਤ ਨੇ 17 ਜਨਵਰੀ 2025 ਨੂੰ ਮਤਾ ਪਾਸ ਕਰਕੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਡੇਹਲੋਂ ਨੂੰ ਪਿੰਡ ਦੀ ਸ਼ਾਮਲਾਟ ਜ਼ਮੀਨ ਅਤੇ ਸਰਕਾਰੀ ਰਸਤਿਆਂ ਦੀ ਨਿਸ਼ਾਨਦੇਹੀ ਕਰਵਾਉਣ ਲਈ ਬੇਨਤੀ ਕੀਤੀ ਸੀ। ਇਸ ਉਪਰੰਤ ਬੀ.ਡੀ.ਪੀ.ਓ. ਡੇਹਲੋਂ ਵੱਲੋਂ ਨਾਇਬ ਤਹਿਸੀਲਦਾਰ ਸਾਹਨੇਵਾਲ ਨੂੰ ਨਿਸ਼ਾਨਦੇਹੀ ਕਰਵਾਉਣ ਲਈ ਲਿਖਿਆ ਗਿਆ।

ਮਾਮਲੇ ਦੀ ਕਾਰਵਾਈ ਦੌਰਾਨ ਹਲਕਾ ਕਾਨੂੰਗੋ ਵੱਲੋਂ ਖਸਰਾ ਨੰਬਰ ਮੁਹੱਈਆ ਕਰਵਾਉਣ ਲਈ ਕਿਹਾ ਗਿਆ। ਇਸ ਉੱਤੇ ਬੀ.ਡੀ.ਪੀ.ਓ. ਦਫ਼ਤਰ ਵੱਲੋਂ ਲੋੜੀਂਦੀ ਸੋਧ ਕਰਕੇ ਜਾਣਕਾਰੀ ਮੁੜ ਭੇਜ ਦਿੱਤੀ ਗਈ।

ਇਸ ਤੋਂ ਬਾਅਦ ਵੀ ਨਿਸ਼ਾਨਦੇਹੀ ਵਿੱਚ ਹੋ ਰਹੀ ਦੇਰੀ ਕਾਰਨ ਪਿੰਡ ਦੀ ਪੰਚਾਇਤ ਨੇ ਇਕ ਹੋਰ ਮਤਾ ਪਾਸ ਕਰਕੇ ਦੱਸਿਆ ਕਿ ਪੰਚਾਇਤੀ ਰਸਤਿਆਂ ਅਤੇ ਸ਼ਾਮਲਾਟ ਜ਼ਮੀਨ 'ਤੇ ਨਾਜਾਇਜ਼ ਕਬਜ਼ੇ ਕੀਤੇ ਗਏ ਹਨ ਅਤੇ ਇਨ੍ਹਾਂ ਨੂੰ ਛੁਡਵਾਉਣ ਲਈ ਨਿਸ਼ਾਨਦੇਹੀ ਕਰਵਾਉਣਾ ਜ਼ਰੂਰੀ ਹੈ। ਇਸ ਮੰਗ ਦੇ ਆਧਾਰ 'ਤੇ ਬੀ.ਡੀ.ਪੀ.ਓ. ਡੇਹਲੋਂ ਵੱਲੋਂ ਨਾਇਬ ਤਹਿਸੀਲਦਾਰ ਸਾਹਨੇਵਾਲ ਨੂੰ ਦੁਬਾਰਾ ਨਿਸ਼ਾਨਦੇਹੀ ਕਰਨ ਲਈ ਲਿਖਿਆ ਗਿਆ।

ਬਾਅਦ ਵਿੱਚ ਹਲਕਾ ਕਾਨੂੰਗੋ ਵੱਲੋਂ ਪਿੰਡ ਦੇ ਮੋਹਤਬਰਾਂ ਅਤੇ ਪੰਚਾਇਤ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਨਿਸ਼ਾਨਦੇਹੀ ਕੀਤੀ ਗਈ ਅਤੇ ਰਿਪੋਰਟ ਦਫ਼ਤਰ ਵਿੱਚ ਦਾਖ਼ਲ ਕਰ ਦਿੱਤੀ ਗਈ। ਦੱਸਿਆ ਜਾਂਦਾ ਹੈ ਕਿ ਇਸ ਰਿਪੋਰਟ ਵਿੱਚ ਕੁਝ ਪੰਚਾਇਤੀ ਰਸਤਿਆਂ ਦੇ ਅੰਦਰ ਫੈਕਟਰੀਆਂ ਬਣੀਆਂ ਹੋਣ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਜਿਨ੍ਹਾਂ ਅਧਿਕਾਰੀਆਂ ਨੇ ਨਿਸ਼ਾਨਦੇਹੀ ਕਰਵਾਉਣ ਲਈ ਤੇਜ਼ੀ ਨਾਲ ਪੱਤਰ-ਵਿਹਾਰ ਕੀਤਾ, ਉਹੀ ਹੁਣ ਰਿਪੋਰਟ ਆਉਣ ਤੋਂ ਬਾਅਦ ਚੁੱਪ ਹਨ। ਨਿਸ਼ਾਨਦੇਹੀ ਰਿਪੋਰਟ ਸਾਹਮਣੇ ਆਉਣ ਦੇ ਬਾਵਜੂਦ ਕਥਿਤ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਕੋਈ ਕਾਰਵਾਈ ਨਾ ਹੋਣ ਕਾਰਨ ਲੋਕਾਂ ਵਿੱਚ ਸ਼ੱਕ ਪੈਦਾ ਹੋ ਰਿਹਾ ਹੈ।

ਨਾਮ ਨਾ ਛਾਪਣ ਦੀ ਸ਼ਰਤ 'ਤੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਬਿਊਰੋ ਤੋਂ ਕਰਵਾਈ ਜਾਵੇ।

ਉੱਤਰ ਰੇਲਵੇ

ਈ-ਨਿਵਿਦਾ

ਖੁਲ੍ਹੀ ਨਿਵਿਦਾ ਨੰਬਰ-12-ਅੰਬਾਲਾ/2026-27 ਮਿਤੀ 08.06.2026

ਸੀਨੀਅਰ ਮੰਡਲ ਇੰਜੀਨੀਅਰ-ਤਾਲਮੇਲ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ ਨਿਵਿਦਾ ਦੇ ਮਾਧਿਅਮ ਨਾਲ ਇਛੁਕ ਠੇਕੇਦਾਰਾਂ ਤੋਂ ਹੇਠਾਂ ਲਿਖਤ ਕੰਮਾਂ ਲਈ ਖੁਲ੍ਹੀਆਂ ਨਿਵਿਦਾਵਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕਿ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ 15.00 ਵਜੇ ਖੁਲ੍ਹੇ ਰਹਿਣਗੇ ਅਤੇ ਉਸ ਦੇ ਬਾਅਦ ਖੋਹਲੇ ਜਾਣਗੇ।

ਲ. ਨ.	ਕੰਮ ਦਾ ਨਾਮ	ਅੰਦਾਜਨ ਲਾਗਤ (Rs.)	ਅਗਾਊਂ ਰਾਸ਼ੀ (Rs.)	ਕੰਮ ਸਮਾਪਤੀ ਦਾ ਸਮਾਂ	ਨਿਵਿਦਾ ਖੁਲ੍ਹਣ ਦੀ ਮਿਤੀ
1	ਯੂਐਮਬੀ-ਐਸਆਰਈ ਸੈਕਸ਼ਨ ਉਤੇ ਦੁਖੇਰੀ, ਕੇਸਰੀ, ਤਾਂਡਵਾਲ, ਬਰਾਰਾ ਯਾਰਡ ਦੇ ਪਹੁੰਚ ਮਾਰਗਾਂ ਉਤੇ ਨਜਾਇਜ ਕਬਜੇ ਦੀ ਆਸ਼ੰਕਾ ਵਾਲੇ ਸੰਵੇਦਨਸ਼ੀਲ ਥਾਵਾਂ ਤੇ ਸੀਮਾ ਦੀਵਾਰ ਦੀ ਉਸਾਰੀ।	4,65,03,369	9,30,100	12 ਮਹੀਨੇ	30.06.2026
2	ਸੀਨੀਅਰ ਡੀਈਐਨ-IV/ਯੂਐਮਬੀ- (ਬੀਏਆਰਜੇ, ਕੇਆਰਟੀ ਏਐਨਐਸਬੀ, ਸੀਐਚਟੀਐਲ, ਯੂਐਚਐਲ, ਏਏਡੀਆਰ, ਐਨਐਲਡੀਐਮ, ਐਨਐਮਡੀਏ, ਐਮਆਰਐਨਡੀ, ਆਰਪੀਏਆਰ, ਐਮਐਨਪੀਆਰ, ਐਨਜੀਡਬਲਯੂਐਨ, ਬੀਐਸਪੀਐਨ, ਕੇਆਰਐਲਆਈ, ਐਸਆਈਆਰ, ਡੀਐਲਪੀਸੀ ਕੇਐਮਐਨਐਨ, ਐਸਐਮਆਰਐਲ, ਸੀਐਚਐਮਜੀ, ਐਲਐਲਕੇਐਨ) ਦੇ ਤਹਿਤ 20 ਯਾਰਡ ਵਿਚ ਯਾਰਡ ਸੁਧਾਰ ਕੰਮ।	2,17,40,152	4,34,800	12 ਮਹੀਨੇ	30.06.2026
3	ADEN/UMB ਦੇ ਤਹਿਤ ਅੰਬਾਲਾ ਕੈਂਟ ਰੇਲਵੇ ਸਟੇਸ਼ਨ ਉਤੇ TWS/CMSC/TSR ਕੰਮ ਸਮੇਤ ਥਰੂ ਟਰਨਆਊਟ ਰਿਨੂੰਅਲ (TTR) ਕੰਮ।	1,83,44,022	3,66,900	12 ਮਹੀਨੇ	30.06.2026
4	ADEN/UMB ਦੇ ਤਹਿਤ ਅੰਬਾਲਾ ਕੈਂਟ ਰੇਲਵੇ ਸਟੇਸ਼ਨ ਉਤੇ ਥਰੂ ਨਵੀਨੀਕਰਨ (TTR) ਕੰਮ।	1,39,08,142	2,78,200	12 ਮਹੀਨੇ	30.06.2026
5	ADEN/UMB ਦੇ ਤਹਿਤ ਅੰਬਾਲਾ ਦੁਖੇਰੀ, ਕੇਸਰੀ ਅਤੇ ਬਰਾਰਾ ਸਟੇਸ਼ਨ ਉਤੇ TWS/CMSC/TSR ਸਮੇਤ ਕੰਮ ਸਮੇਤ ਥਰੂ ਟਰਨਆਊਟ (TTR) ਸੰਪੂਰਨ ਟ੍ਰੈਕ ਰਿਨੂੰਅਲ ਥਰੂ ਰੇਲ ਰਿਨੂੰਅਲ (TRR) ਕੰਮ।	1,37,19,846	2,74,400	12 ਮਹੀਨੇ	30.06.2026
6	ADEN/CDG ਦੇ ਤਹਿਤ ਐਸਏਐਸਐਨ, ਕੇਆਰਆਰ, ਡੀਕੇਟੀ, ਐਲਐਲਯੂ, ਡੀਐਚਪੀਆਰ ਜੀਐਚਜੀ ਅਤੇ ਸੀਡੀਜੀ ਸਟੇਸ਼ਨਾਂ ਉਤੇ TWS/CMSC/TSR ਸਮੇਤ ਥਰੂ ਟਰਨਆਊਟ ਰਿਨੂੰਅਲ (TTR), ਸੰਪੂਰਨ ਟ੍ਰੈਕ ਰਿਨੂੰਅਲ ਥਰੂ ਫਿਟਿੰਗ ਰਿਨੂੰਅਲ ਅਤੇ ਕਰੂ ਰੇਲ ਰਿਨੂੰਅਲ (TRR) ਕੰਮ।	1,93,61,599	3,87,200	12 ਮਹੀਨੇ	30.06.2026
7	ਏਡੀਈਐਨ/ਆਰਪੀਜੇ ਦੇ ਤਹਿਤ ਐਸਐਸਈ/ਪੀ.ਵੇ/ਆਰਪੀਜੇ (ਯੂਬੀਸੀ, ਐਸਐਮਯੂ, ਆਰਪੀਜੇ, ਐਸਬੀਜੇ, ਕੇਐਲਆਈ) ਅਤੇ ਐਸਐਸਈ/ਪੀ-ਵੇ/ਡੀਓਏ (ਐਸਡੀਵਾਈ, ਐਸਆਈਆਰ, ਜੀਵੀਜੀ, ਕੇਐਨਐਨ, ਸੀਐਚਏ, ਅਤੇ ਡੀਓਏ) ਅਨੁਭਾਗ ਵਿਚ ਯਾਰਡ ਸੁਧਾਰ ਕੰਮ।	1,16,20,343	2,32,400	10 ਮਹੀਨੇ	30.06.2026
8	ਏਡੀਈਐਨ/ਬੀਟੀਆਈ ਦੇ ਤਹਿਤ ਐਸਐਸਈ/ਈ/ਬੀਟੀਆਈ ਅਨੁਭਾਗ ਵਿਚ ਜੋਨ 1 ਅਤੇ 1ਏ ਦੇ ਤਹਿਤ ਸਟਾਫ ਕਵਾਟਰ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਅਤੇ ਰੰਗਾਈ, 30/6/2027 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ।	1,19,99,996	2,40,000	11 ਮਹੀਨੇ	30.06.2026
9	ਏਡੀਈਐਨ/ਬੀਟੀਆਈ ਦੇ ਤਹਿਤ ਐਸਐਸਈ/ਡਬਲਯੂ/ਬੀਟੀਆਈ ਸੈਕਸ਼ਨ ਦੇ ਜੋਨ 2 ਵਿਚ ਬੀਟੀਆਈ (ਸ਼ਾਮਲ) ਤੋਂ ਲੈ ਕੇ ਡੀਯੂਆਈ (ਛੱਡ ਕੇ) ਤਕ ਦੇ ਕਰਮਚਾਰੀਆਂ ਦੇ ਕਵਾਟਰਾਂ ਅਤੇ ਸੇਵਾ ਭਵਨਾਂ ਦੀ ਸਲਾਨਾ ਮੁਰੰਮਤ, ਸਫੇਦੀ ਅਤੇ ਰੰਗਾਈ, 30/6/2027 ਨੂੰ ਸਮਾਪਤ ਹੋਣ ਵਾਲੇ ਸਮੇਂ ਦੇ ਲਈ।	74,99,937	1,50,000	11 ਮਹੀਨੇ	30.06.2026

ਨੋਟ:- 1. ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜਰੂਰੀ ਸਬੰਧਤ ਡਾਕੂਮੈਂਟਾਂ ਦੀ ਸਕੈਨਿੰਗ ਕਾਪੀ ਨੂੰ ਰੇਲਵੇ ਵੈਬਸਾਈਟ IREPS ਤੇ ਅਪਲੋਡ ਕਰਨੀ ਜਰੂਰੀ ਹੈ। 2. ਅਗਾਊਂ ਰਾਸ਼ੀ ਆਨ ਲਾਈਨ ਪੇਮੈਂਟ ਨੈਟ ਬੈਂਕਿੰਗ/ਗੇਟਵੇ ਪੇਮੈਂਟ ਦੇ ਦੁਆਰਾ ਹੀ ਸਵੀਕਾਰ ਹੋਣਗੇ। 3.ਟੈਂਡਰ ਦੀ ਵਿਸਤ੍ਰਿਤ ਜਾਣਕਾਰੀ ਲਈ ਰੇਲਵੇ ਵੈਬਸਾਈਟ www.ireps.gov.in ਤੇ ਲਾਗ ਆਨ ਕਰੋ। 4.ਠੇਕੇਦਾਰ ਨੂੰ ਈ-ਟੈਂਡਰ ਵਿਚ ਭਾਗੀਦਾਰੀ ਲਈ (ਕਲਾਸ-III) ਡਿਜਿਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। 5. ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗਾ। 1960/26

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਇੰਡੀਅਨ ਬੈਂਕ Indian Bank — ਇਲਾਹਾਬਾਦ ALLAHABAD

ਜ਼ੋਨਲ ਦਫਤਰ, ਜਲੰਧਰ
ਐਸਸੀਓ-44-ਸੀ, ਦੂਜੀ ਮੰਜ਼ਿਲ, ਅਰਬਨ ਅਸਟੇਟ, ਫੇਜ਼-2, ਜਲੰਧਰ-144022
E-mail: zojalandhar@indianbank.bank.in, M- 94176 43621

ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002
(ਸਰਫਾਇਸੀ ਐਕਟ) ਦੀ ਧਾਰਾ 13 (2) ਦੇ ਤਹਿਤ ਮੰਗ ਨੋਟਿਸ

ਤੁਹਾਡੇ ਸਾਰਿਆਂ ਨੂੰ (ਕਰਜ਼ਦਾਰ/ਜ਼ਾਮਨਾਂ) ਨੂੰ, ਸਰਫਾਇਸੀ-2002 ਦੀ ਧਾਰਾ 13(2) ਦੇ ਤਹਿਤ ਬੈਂਕ ਦੇ "ਅਧਿਕਾਰਤ ਅਧਿਕਾਰੀ" ਦੁਆਰਾ ਇੱਥੇ ਦੱਸੀਆਂ ਗਈਆਂ ਮਿਤੀਆਂ ਦੇ ਵਿਰੁੱਧ ਰਜਿਸਟਰਡ ਮੰਗ ਨੋਟਿਸ ਭੇਜੇ ਗਏ ਸਨ, ਜਿਸ ਵਿੱਚ ਤੁਹਾਨੂੰ ਸਾਰਿਆਂ ਨੂੰ ਨੋਟਿਸ ਦੀ ਮਿਤੀ ਦੇ ਅਨੁਸਾਰ ਖਾਤੇ ਦੇ ਵਿਰੁੱਧ ਦੱਸੀ ਗਈ ਮੰਗ ਨੋਟਿਸ ਦੀ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਹੈ, ਜਦੋਂ ਤੱਕ ਵਾਪਸ ਨਾ ਕੀਤੇ ਜਾਣ ਦੇ 60 (ਸੱਠ) ਦਿਨਾਂ ਦੇ ਅੰਦਰ ਭੁਗਤਾਨ ਨਾ ਹੋ ਜਾਵੇ। ਸੁਰੱਖਿਅਤ ਲੈਣਦਾਰ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਹੇਠਾਂ ਹਸਤਾਖਰ ਕਰਨ ਵਾਲੇ ਕੋਲ ਇਹ ਮੰਨਣ ਦੇ ਕਾਰਨ ਹਨ ਕਿ ਤੁਹਾਨੂੰ ਸਾਰਿਆਂ ਨੂੰ ਆਮ ਤੌਰ 'ਤੇ ਬਦਲਵੀਂ ਸੇਵਾ ਦੇ ਢੰਗ ਤੋਂ ਇਲਾਵਾ ਮੰਗ ਨੋਟਿਸ ਨਹੀਂ ਦਿੱਤਾ ਜਾ ਸਕਦਾ। ਇਸ ਲਈ ਤੁਹਾਡੇ ਵਿੱਚੋਂ ਹਰੇਕ ਨੂੰ ਇਸ ਜਨਤਕ ਨੋਟਿਸ ਰਾਹੀਂ ਕਿਹਾ ਜਾਂਦਾ ਹੈ ਕਿ ਤੁਸੀਂ ਹੇਠਾਂ ਦੱਸੀ ਗਈ ਰਕਮ ਨੂੰ ਤੁਹਾਡੇ ਵਿਰੁੱਧ ਬਕਾਇਆ ਭੁਗਤਾਨ ਦੀ ਮਿਤੀ ਤੱਕ ਹੋਰ ਵਿਆਜ ਸਮੇਤ ਅਦਾ ਕਰੋ। ਇਸ ਪ੍ਰਕਾਸ਼ਨ ਦੀ ਮਿਤੀ ਤੋਂ 60 (ਸੱਠ) ਦਿਨਾਂ ਦੇ ਅੰਦਰ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੈਂਕ ਉਕਤ ਐਕਟ 2002 ਦੀ ਧਾਰਾ 13(4) ਦੇ ਤਹਿਤ ਹੇਠਾਂ ਦੱਸੀਆਂ ਸੁਰੱਖਿਅਤ ਸੰਪਤੀਆਂ ਦਾ ਕਬਜ਼ਾ ਲੈਣ ਲਈ ਅੱਗੇ ਵਧੇਗਾ ਅਤੇ ਉਸ ਤੋਂ ਬਾਅਦ ਉਹਨਾਂ ਨੂੰ ਵੇਚਣ ਲਈ ਅੱਗੇ ਵਧੇਗਾ ਤਾਂ ਜੋ ਬਕਾਇਆ ਰਕਮ ਦੀ ਪ੍ਰਾਪਤੀ ਹੋ ਸਕੇ ਜਦੋਂ ਤੱਕ ਕਿ ਲਾਗਤ ਸਮੇਤ ਪ੍ਰਾਪਤੀ ਨਾ ਹੋ ਸਕੇ। ਕਰਜ਼ਦਾਰ ਦੁਆਰਾ ਬਕਾਇਆ ਰਕਮ ਦੀ ਅਦਾਇਗੀ ਨਾ ਕਰਨ ਕਾਰਨ ਜ਼ਾਮਨ ਗਿਰਵੀਕਾਰਾਂ (ਾਂ) ਨੂੰ ਇਸ ਦੁਆਰਾ ਬੇਨਤੀ ਕੀਤੀ ਗਈ ਹੈ ਅਤੇ ਤੁਹਾਨੂੰ ਪੂਰੇ ਬਕਾਏ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ।

ਸ਼ਾਖਾ, ਕਰਜ਼ਦਾਰ/ਜ਼ਾਮਨ/ਭਾਈਵਾਲਾਂ/ ਗਿਰਵੀਕਾਰ ਦਾ ਨਾਮ	ਗਿਰਵੀ ਜਾਇਦਾਦਾਂ ਦਾ ਵੇਰਵਾ	ਐਨਪੀਏ ਦੀ ਮਿਤੀ / ਮੰਗ ਸੂਚਨਾ ਦੀ ਮਿਤੀ	ਮੰਗ ਸੂਚਨਾ ਅਨੁਸਾਰ ਰਕਮ
ਰੰਧਾਵਾ ਮਸੰਦਾ ਸ਼ਾਖਾ 1. ਸ਼੍ਰੀਮਤੀ ਗੁਰਪ੍ਰੀਤ ਕੌਰ ਸਪੁੱਤਰੀ ਸ੍ਰੀ ਅਰਜਨ ਸਿੰਘ (ਕਰਜ਼ਦਾਰ), ਪਤਾ 1:- ਮਕਾਨ ਨੰ 70, ਕਾਲੀਆ ਕਲੋਨੀ, ਜਲੰਧਰ, ਪੰਜਾਬ (144008), ਪਤਾ 2:- ਪਲਾਟ ਨੰ. 309, ਸਵਰਨ ਪਾਰਕ, ਪਿੰਡ ਗਦਾਈਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ (144004), 2. ਸ਼੍ਰੀਮਤੀ ਚਰਨਜੀਤ ਕੌਰ ਪਤਨੀ ਅਰਜਨ ਸਿੰਘ (ਸਹਿ-ਕਰਜ਼ਦਾਰ ਅਤੇ ਗਿਰਵੀਕਾਰ) ਪਤਾ 1:- ਮਕਾਨ ਨੰ 70, ਕਾਲੀਆ ਕਾਲੋਨੀ, ਜਲੰਧਰ, ਪੰਜਾਬ (144008), ਪਤਾ 2:- ਪਲਾਟ ਨੰ. 309, ਸਵਰਨ ਪਾਰਕ, ?ਿਵਿੱਲ ਗਦੈਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ (144004), 3. ਸ਼੍ਰੀਮਤੀ ਮਦਰਾਵਤੀ ਦੇਵੀ ਪਤਨੀ ਸ੍ਰੀ ਨੰਦ ਕੁਮਾਰ (ਜ਼ਾਮਨ), ਪਤਾ:- ਮਕਾਨ ਨੰ 68, ਕਾਲੀਆ ਕਲੋਨੀ, ਜਲੰਧਰ, ਪੰਜਾਬ (144008)	ਪਲਾਟ ਨੰਬਰ 309, ਸਵਰਨ ਪਾਰਕ, ਪਿੰਡ ਗਦਾਈਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਵਿਖੇ ਸਥਿਤ 7 ਮਰਲਾ 166 ਵਰਗ ਫੁੱਟ (1 ਮਰਲਾ = 272 ਵਰਗ ਫੁੱਟ) ਮਾਪ ਵਾਲੀ ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਖਸਰਾ ਨੰਬਰ 25//10, 11/1, 26//6, 7, 8, 9, 11, 12, 13, 14, 15, 19, 20, 21, 22, 27//15, 16, 17, 24, 25, 28//4, 5, 29//1, 2/1, ਕਿੱਤੇ 24 ਵਿੱਚ ਸ਼੍ਰੀਮਤੀ ਚਰਨਜੀਤ ਕੌਰ ਪਤਨੀ ਸ਼੍ਰੀ ਅਰਜਨ ਸਿੰਘ ਦੇ ਨਾਮ 'ਤੇ ਦਸਤਾਵੇਜ਼ ਨੰਬਰ 5405 ਮਿਤੀ 23.01.2004 ਨੂੰ ਸਬ ਰਜਿਸਟਰਾਰ, ਜਲੰਧਰ ਨਾਲ ਰਜਿਸਟਰਡ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: - ਪੂਰਬ:-ਸੜਕ, ਪੱਛਮ:-ਪਿੰਡ ਸੂਬੇਦਾਰ, ਉੱਤਰ:-ਡਾਕਖਾਨਾ ਹੋਰ, ਦੱਖਣ:-ਡਾਕਖਾਨਾ ਹੋਰ	29.05.2026 01.06.2026	Rs. 13,44,625/- (ਤੇਰਾਂ ਲੱਖ ਚੁਤਾਲੀ ਹਜ਼ਾਰ ਛੇ ਸੌ ਪੱਚੀ ਰੁਪਏ ਕੇਵਲ) ਇਸ ਮਿਤੀ ਤੋਂ ਭੁਗਤਾਨ ਦੀ ਮਿਤੀ ਤੱਕ ਵਿਆਜ ਸਮੇਤ

ਕਿਰਪਾ ਕਰਕੇ ਧਿਆਨ ਦਿਓ ਕਿ ਉਕਤ ਐਕਟ ਦੀ ਧਾਰਾ 13(13) ਦੇ ਅਨੁਸਾਰ, ਤੁਸੀਂ ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ, ਬੈਂਕ ਦੀ ਪਹਿਲਾਂ ਲਿਖਤੀ ਸਹਿਮਤੀ ਤੋਂ ਬਿਨਾਂ, ਉੱਪਰ ਦੱਸੇ ਗਏ ਕਿਸੇ ਵੀ ਸੁਰੱਖਿਅਤ ਸੰਪਤੀ ਨੂੰ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ (ਕਾਰੋਬਾਰ ਦੇ ਆਮ ਕੋਰਸ ਤੋਂ ਇਲਾਵਾ) ਟ੍ਰਾਂਸਫਰ ਨਹੀਂ ਕਰੋਗੇ। ਤੁਹਾਨੂੰ ਇਹ ਵੀ ਨੋਟਿਸ ਦਿੱਤਾ ਜਾਂਦਾ ਹੈ ਕਿ ਉਕਤ ਐਕਟ ਦੇ ਤਹਿਤ ਪ੍ਰਦਾਨ ਕੀਤੇ ਗਏ ਇਸ ਕਾਨੂੰਨੀ ਹੁਕਮ/ਰੋਕਥਾਮ ਦੀ ਕੋਈ ਵੀ ਉਲੰਘਣਾ ਇੱਕ ਅਪਰਾਧ ਹੈ।

ਬੈਂਕ ਤੁਹਾਡੇ ਵੱਲੋਂ ਜਾਰੀ ਕੀਤੇ ਅਤੇ ਸਥਾਪਿਤ ਕੀਤੇ ਗਏ ਬਕਾਇਆ ਬਿੱਲਾਂ, ਛੋਟ ਵਾਲੇ ਬੈਂਕ ਗਾਰੰਟੀਆਂ ਅਤੇ ਕ੍ਰੈਡਿਟ ਪੱਤਰ ਦੇ ਨਾਲ-ਨਾਲ ਹੋਰ ਸੰਭਾਵੀ ਦੇਣਦਾਰੀਆਂ ਦੇ ਤਹਿਤ ਪੈਦਾ ਹੋਣ ਵਾਲੀਆਂ ਦੇਣਦਾਰੀਆਂ ਦਾ ਭੁਗਤਾਨ ਕਰਨ ਲਈ ਤੁਹਾਨੂੰ ਬੁਲਾਉਣ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਇਹ ਨੋਟਿਸ ਬੈਂਕ ਦੇ ਕਾਨੂੰਨ ਦੇ ਕਿਸੇ ਵੀ ਹੋਰ ਲਾਗੂ ਪ੍ਰਬੰਧ ਦੇ ਤਹਿਤ ਜ਼ਰੂਰੀ ਸਮਝੇ ਜਾਣ ਵਾਲੇ ਅਜਿਹੇ ਹੋਰ ਕਾਰਵਾਈਆਂ ਜਾਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰਨ ਦੇ ਅਧਿਕਾਰ ਪ੍ਰਤੀ ਪੱਖਪਾਤ ਤੋਂ ਬਿਨਾਂ ਹੈ।

ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਸਰਫਾਇਸੀ ਐਕਟ ਦੇ ਤਹਿਤ ਅਗਲੀ ਕਾਰਵਾਈ ਤੋਂ ਬਚਣ ਲਈ, ਹੇਠਾਂ ਦਿੱਤੇ ਗਏ ਨੋਟਿਸ/ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ, ਡਾਕ ਅਧਿਕਾਰੀਆਂ ਦੁਆਰਾ ਤੁਹਾਨੂੰ ਸੰਬੋਧਿਤ ਅਸਲ ਨੋਟਿਸ/ਕਵਰ ਪ੍ਰਾਪਤ ਕਰੋ ਅਤੇ ਉਪਰੋਕਤ ਦੱਸੇ ਅਨੁਸਾਰ, ਡਾਕ ਅਧਿਕਾਰੀਆਂ ਦੁਆਰਾ ਵਾਪਸ ਭੇਜੇ ਗਏ ਅਸਲ ਨੋਟਿਸ/ਕਵਰ ਪ੍ਰਾਪਤ ਕਰੋ।

ਮਿਤੀ: 08.06.2026 ਸਥਾਨ:ਜਲੰਧਰ ਅਧਿਕਾਰਤ ਅਧਿਕਾਰੀ

ਬੈਂਕ ਆਫ ਬੜੌਦਾ Bank of Baroda — ਈ-ਨਿਲਾਮੀ ਵਿਕਰੀ ਸੂਚਨਾ

ਐਸਏਆਰਬੀ ਲੁਧਿਆਣਾ, ਪਤਾ : ਬੀ 20-3369, ਤੀਜੀ ਮੰਜ਼ਿਲ, ਸੰਧੂ ਟਾਵਰ 2, ਗੁਰਦੇਵ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ (141001)
ਸੰਪਰਕ ਨੰਬਰ : 0161-5127233
Email ID: sarlud@bankofbaroda.bank.in

ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ "ਅੰਤਿਕਾ-4-ਏ [ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ]

ਈ-ਨਿਲਾਮੀ ਦੀ ਸ਼ੁਰੂਆਤ ਦੀ ਮਿਤੀ ਅਤੇ ਸਮਾਂ : 29.06.2026, ਬਾ.ਦੁ. 02.00 ਵਜੇ ਤੋਂ ਸ਼ਾਮ 06.00 ਵਜੇ ਤੱਕ।
ਬਿਆਨਾ ਰਕਮ ਦੇ ਭੁਗਤਾਨ ਦੀ ਵਿਧੀ : ਆਰਟੀਜੀਐਸ/ਐਨਈਐਫਟੀ
ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 28.06.2026 ਨੂੰ ਸ਼ਾਮ 5.00 ਵਜੇ ਤੱਕ
ਇਛੁੱਕ ਖ਼ਰੀਦਦਾਰ ਲਈ ਜਾਂਚ ਦੀ ਮਿਤੀ ਅਤੇ ਸਮਾਂ 22.06.2026 ਨੂੰ ਅਗਾਊਂ ਪ੍ਰਵਾਨਗੀ ਲੈਣ ਦੁਆਰਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 (2) ਅਤੇ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ(ਾਂ)/ਸੁਰੱਖਿਅਤ ਸੰਪੱਤੀ/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਇਥੇ ਸਕੈਨ ਕਰੋ

ਲ. ਨੰ.	ਸ਼ਾਖਾ ਦਾ ਨਾਮ / ਕਰਜ਼ਦਾਰ (ਾਂ), ਜ਼ਾਮਨ (ਾਂ) ਅਤੇ ਗਿਰਵੀਕਾਰ(ਾਂ) ਦਾ ਨਾਮ ਅਤੇ ਪਤਾ	ਗੈਰ ਜਾਣੂੰ ਦੇਣਦਾਰੀਆਂ, ਜੇਕਰ ਕੋਈ ਹਨ, ਸਮੇਤ ਅਚੱਲ ਸੰਪੱਤੀ ਦੇ ਵਿਸਥਾਰਤ ਵੇਰਵੇ	ਕਬਜ਼ੇ ਦੀ ਸਥਿਤੀ / ਮੌਜੂਦਾ ਕੁੱਲ ਬਕਾਏ	ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ	ਸ਼ਾਖਾ ਪ੍ਰਬੰਧਕ ਅਤੇ ਅਧਿਕਾਰਤ ਅਧਿਕਾਰੀ
1.	ਬੀ/ਓ : ਆਰਓਐਸਏਆਰਬੀ, ਲੁਧਿਆਣਾ ਕਰਜ਼ਦਾਰ(ਾਂ): ਮੈਸ. ਮਾਧਵ ਇੰਟਰਨੈਸ਼ਨਲ ਆਪਣੇ ਮਾਲਕ ਸ਼੍ਰੀਮਤੀ ਕਵਿਤਾ ਗੁਪਤਾ ਪਤਾ ਐਫ-30 ਮਾਧਵ ਇੰਟਰਨੈਸ਼ਨਲ, ਫੋਕਲ ਪੁਆਇੰਟ ਨੇੜੇ ਕਿਊਟ ਪ੍ਰੋਡਕਟਸ, ਫੋਕਲ ਪੁਆਇੰਟ, ਲੁਧਿਆਣਾ 141014 ਰਾਹੀਂ। 2. ਸ਼੍ਰੀਮਤੀ ਕਵਿਤਾ ਗੁਪਤਾ ਪਤਾ :ਮਕਾਨ ਨੰਬਰ 52, ਮਹਾਵੀਰ ਨਗਰ ਐੱਮ.ਬੀ.ਡੀ. ਮਾਲ ਦੇ ਸਾਹਮਣੇ, ਫਿਰੋਜ਼ਪੁਰ ਰੋਡ, ਲੁਧਿਆਣਾ। 3. ਸ਼੍ਰੀ ਮੁਕੇਸ਼ ਗੁਪਤਾ (ਜ਼ਾਮਨ) ਪੁੱਤਰ ਰਾਮ ਸਰੂਪ ਮਕਾਨ ਨੰਬਰ 52, ਮਹਾਵੀਰ ਨਗਰ ਐੱਮ.ਬੀ.ਡੀ. ਮਾਲ ਦੇ ਸਾਹਮਣੇ, ਫਿਰੋਜ਼ਪੁਰ ਰੋਡ, ਲੁਧਿਆਣਾ।	ਸ਼੍ਰੀਮਤੀ ਕਵਿਤਾ ਗੁਪਤਾ ਪਤਨੀ ਮੁਕੇਸ਼ ਗੁਪਤਾ ਦੇ ਨਾਮ 'ਤੇ 250 ਵਰਗ ਗਜ਼ ਦਾ ਰੈਜ਼ੀ ਪ੍ਰੋਪ, ਪਿੰਡ ਬਾੜੇਵਾਲ ਅਵਾਣਾ, ਹਦਬਸਟ ਨੰਬਰ 157 ਇਲਾਕੇ ਵਿੱਚ ਸਥਿਤ ਹੈ, ਮੇਹਰ ਸਿੰਘ ਕਲੋਨੀ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੇ ਤੌਰ 'ਤੇ ਖਸਰਾ ਨੰਬਰ 725/57/1, 725/58, 727/58/1, ਖਾਤਾ ਨੰਬਰ 1170/1542, 1183/1555 ਵਿੱਚ ਸ਼ਾਮਲ ਹੈ। ਸਾਲ 2011-2012 ਦੀ ਜਮਾਂਬੰਦੀ ਦੇ ਅਨੁਸਾਰ, ਵਿਕਰੀ ਮਿਤੀ 18/05/2006 ਅਨੁਸਾਰ ਜਿਸ 'ਤੇ ਵਸੀਕਾ ਨੰਬਰ 4266 ਦਰਜ ਹੈ।	ਸੰਕੇਤਕ ਕਬਜ਼ਾ Rs. 125.16 ਲੱਖ + ਇਸ 'ਤੇ ਵਿਆਜ + ਇਸ 'ਤੇ ਕਾਨੂੰਨੀ ਅਤੇ ਹੋਰ ਫੀਸਾਂ	Rs. 36,10,000/- Rs. 3,61,000/- Rs. 10,000/-	ਸ੍ਰੀ ਅਜੇ ਵੀ ਨੰਦੂਕਰ (ਮੁੱਖ ਪ੍ਰਬੰਧਕ) 9898670184 & 7009247858
2.	ਬੀ/ਓ: ਆਰਓਐਸਏਆਰਬੀ, ਲੁਧਿਆਣਾ ਕਰਜ਼ਦਾਰ(ਾਂ):1. ਸ਼੍ਰੀ ਜਗਦੀਸ਼ ਸਿੰਘ ਖੱਟੜਾ ਵਾਸੀ ਮਕਾਨ ਨੰ 36ਬੀ,970, ਵਾਰਡ ਨੰ.59, ਗੁਰੂ ਅਮਰਦਾਸ ਨਗਰ, ਲੁਧਿਆਣਾ, ਪੰਜਾਬ, 141001, 2. ਸ਼੍ਰੀਮਤੀ ਦਲਜੀਤ ਧਾਰੀਵਾਲ ਵਾਸੀ ਮਕਾਨ ਨੰ 36ਬੀ, 970, ਵਾਰਡ ਨੰ.59, ਗੁਰੂ ਅਮਰਦਾਸ ਨਗਰ, ਲੁਧਿਆਣਾ, ਪੰਜਾਬ, 141001, 3. ਸ੍ਰੀ ਇਕਬਾਲ ਸਿੰਘ ਵਾਸੀ ਮਕਾਨ ਨੰ 36ਬੀ, 970, ਵਾਰਡ ਨੰ.59, ਗੁਰੂ ਅਮਰਦਾਸ ਨਗਰ, ਲੁਧਿਆਣਾ, ਪੰਜਾਬ, 141001	ਰਿਹਾਇਸ਼ੀ ਜਾਇਦਾਦ ਜਿਸ ਵਿੱਚ ਐਮ.ਸੀ., ਨੰ.ਬੀ-XXXVI-970/1, 83 ਵਰਗ ਗਜ਼ ਮਾਪਿਆ ਜਾਂਦਾ ਹੈ, ਜਿਸ ਵਿੱਚ ਖਾਤਾ ਨੰਬਰ 1080/1194,1081/1195, ਖਸਰਾ ਨੰ.76//7/1, 7/2, 7/8, 14/7, 14/8, 76//5, 6, 8/1, 8/2, 8/4, 13/1, 13/3, 13/4, 15, ਸਾਲ 2006-07 ਲਈ ਜਮ੍ਹਾਂਬੰਦੀ ਅਨੁਸਾਰ, (ਖਾਤਾ ਨੰਬਰ 1117/1254, 1118/1255, ਸਾਲ 2011-12 ਲਈ ਜਮ੍ਹਾਂਬੰਦੀ ਅਨੁਸਾਰ), ਪਿੰਡ ਸੁਨੇਤ, ਹੱਦਬਸਤ ਨੰ. 159 ਵਿਖੇ ਸਥਿਤ , ਅਬਾਦੀ ਜਿਸਨੂੰ ਗੁਰੂ ਅਮਰਦਾਸ ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਸ੍ਰੀ ਜਗਦੀਸ਼ ਸਿੰਘ ਪੁੱਤਰ ਸ੍ਰੀ ਹਰਨੇਕ ਸਿੰਘ ਦੇ ਹੱਕ ਵਿੱਚ ਵਸੀਕਾ ਨੰਬਰ 1638 ਮਿਤੀ 04/05/2016 ਦੇ ਮਾਲਕੀ ਤਬਾਦਲੇ ਦੇ ਅਨੁਸਾਰ।	ਭੌਤਿਕ ਕਬਜ਼ਾ Rs. 32.58 ਲੱਖ + ਇਸ 'ਤੇ ਵਿਆਜ + ਇਸ 'ਤੇ ਕਾਨੂੰਨੀ ਅਤੇ ਹੋਰ ਫੀਸਾਂ	Rs. 32,50,000/- Rs. 3,25,000/- Rs. 10,000/-	ਸ੍ਰੀ ਅਜੇ ਵੀ ਨੰਦੂਕਰ (ਮੁੱਖ ਪ੍ਰਬੰਧਕ) 9898670184 & 7009247858
3.	ਬੀ/ਓ-ਆਰਓਐਸਏਆਰਬੀ, ਲੁਧਿਆਣਾ ਕਰਜ਼ਦਾਰ(ਾਂ)1. ਮੈਸਰਜ਼ ਨਾਨਕ ਇੰਟਰਨੈਸ਼ਨਲ, ਪ੍ਰੋਪਰਾਈਟਰ ਸ੍ਰੀ ਜਗਜੀਤ ਸਿੰਘ, ਪਲਾਟ ਨੰਬਰ 391, ਹੀਰਾ ਲਾਲ ਸ਼ੈਲਰ ਨੇੜੇ, ਰਾਮਗੜ੍ਹ, ਜਲੰਧਰ, ਪੰਜਾਬ-144410, 2. ਸ੍ਰੀ ਜਗਜੀਤ ਸਿੰਘ ਪੁੱਤਰ ਸਵਰਨ ਸਿੰਘ, ਵਾਸੀ ਮਕਾਨ ਨੰਬਰ 391, ਪਿੰਡ- ਰਾਮਗੜ੍ਹ, ਫਿਲੌਰ, ਜਲੰਧਰ, ਪੰਜਾਬ-144410, 3. ਸ੍ਰੀ ਸਵਰਨ ਸਿੰਘ ਪੁੱਤਰ ਸਾਧੂ ਸਿੰਘ, ਵਾਸੀ ਨੰਬਰ 391, ਪਿੰਡ-ਰਾਮਗੜ੍ਹ, ਫਿਲੌਰ, ਜਲੰਧਰ, ਪੰਜਾਬ-144410	ਸੇਲ ਡੀਡ/ਟ੍ਰਾਂਸਫਰ ਡੀਡ ਵਸੀਕਾ ਨੰ. 587, ਮਿਤੀ 14/06/2004, ਜਿਸ ਵਿਚ ਖਸਰਾ ਨੰ. 23//25/1, ਖਾਤਾ ਨੰ.212/231, ਪਿੰਡ ਪੰਜਢੇਰਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ 'ਚ ਸ੍ਰੀ ਸਵਰਨ ਸਿੰਘ ਪੁੱਤਰ ਸ੍ਰੀ ਸਾਧੂ ਸਿੰਘ ਦੇ ਨਾਮ 'ਤੇ ਅਤੇ ਹੱਦਬੰਦੀ ਹੇਠ ਲਿਖੇ ਅਨੁਸਾਰ:- ਪੂਰਬ: ਕਰਨੈਲ ਸਿੰਘ 90'-0", ਪੱਛਮ: ਪ੍ਰੀਤਮ ਸਿੰਘ 90'-0", ਉੱਤਰ: ਗੁਰਦਿਆਲ ਸਿੰਘ (30'-0"), ਦੱਖਣ: ਗਲੀ (ਕੱਚਾ ਰਸਤਾ) 30'-0")	ਭੌਤਿਕ ਕਬਜ਼ਾ Rs. 34,99,860/- ਲੱਖ + ਇਸ 'ਤੇ ਵਿਆਜ + ਇਸ 'ਤੇ ਕਾਨੂੰਨੀ ਅਤੇ ਹੋਰ ਫੀਸਾਂ	Rs. Rs.26,00,000/- Rs. 2,60,000/- Rs. 10,000/-	ਸ੍ਰੀ ਅਜੇ ਵੀ ਨੰਦੂਕਰ (ਮੁੱਖ ਪ੍ਰਬੰਧਕ) 9898670184 & 7009247858

ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ https://www.bankofbaroda.in/e-auction.htm ਅਤੇ https://baanknet.com ਵਿਚ ਵਿਵਸਥਿਤ ਦਾ ਲਿੰਕ ਦਾ ਹਵਾਲਾ ਲਓ। ਇਛੁੱਕ ਬੋਲੀਕਾਰ ਉਕਤ ਵਿਵਸਥਿਤ ਸੰਪਰਕ ਨੰਬਰਾਂ ਦੇ ਅਨੁਸਾਰ ਸ਼ਾਖਾ ਪ੍ਰਬੰਧਕ ਜਾਂ ਅਧਿਕਾਰਤ ਅਧਿਕਾਰੀ ਨਾਲ ਵੀ ਸੰਪਰਕ ਕਰ ਸਕਦੇ ਹਨ।

ਸੰਕੇਤਕ ਕਬਜ਼ੇ ਦੇ ਆਧਾਰ 'ਤੇ ਨਿਲਾਮ ਕੀਤੀ ਜਾਣ ਵਾਲੀ ਜਾਇਦਾਦ ਲਈ ਮਹੱਤਵਪੂਰਨ ਨਿਯਮ ਅਤੇ ਸ਼ਰਤਾਂ: 1. ਜਦੋਂ ਜਾਇਦਾਦ ਪ੍ਰਤੀਕਾਤਮਕ ਕਬਜ਼ੇ ਵਿੱਚ ਹੋਵੇ ਅਤੇ ਬੋਲੀਕਾਰ ਆਪਣੇ ਜੋਖਮ ਅਤੇ ਜ਼ਿੰਮੇਵਾਰੀ 'ਤੇ ਸੰਕੇਤ ਕਕਬਜ਼ੇ ਵਿੱਚ ਜਾਇਦਾਦ ਖਰੀਦੇਗਾ। 2. ਬੈਂਕ ਜਾਇਦਾਦ ਦਾ ਕਬਜ਼ਾ ਪ੍ਰਤੀਕਾਤਮਕ ਤੌਰ 'ਤੇ ਹੀ ਸੌਂਪੇਗਾ ਅਤੇ ਸਫਲ ਨਿਲਾਮੀ ਬੋਲੀਕਾਰ/ਖਰੀਦਦਾਰ ਬੈਂਕ ਤੋਂ ਭੌਤਿਕ ਕਬਜ਼ੇ ਦਾ ਦਾਅਵਾ ਨਹੀਂ ਕਰੇਗਾ। 3. ਬੈਂਕ ਭੌਤਿਕ ਕਬਜ਼ੇ ਨੂੰ ਸੌਂਪਣ ਲਈ ਜ਼ਿੰਮੇਵਾਰ ਜਾਂ ਡਿਊਟੀ ਵਾਲਾ ਨਹੀਂ ਹੋਵੇਗਾ। 4. ਸਫਲ ਨਿਲਾਮੀ ਖਰੀਦਦਾਰ ਕਿਸੇ ਵੀ ਸਥਿਤੀ ਵਿੱਚ ਪੈਸੇ ਦੀ ਵਾਪਸੀ ਲਈ ਕਿਸੇ ਵੀ ਵਿਆਜ ਦਾ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ। 5. ਸਫਲ ਨਿਲਾਮੀ ਖਰੀਦਦਾਰ ਨੂੰ ਈ-ਨਿਲਾਮੀ ਤੋਂ ਤੁਰੰਤ ਬਾਅਦ ਉਪਰੋਕਤ ਨਿਯਮਾਂ ਅਤੇ ਸ਼ਰਤਾਂ ਦੀ ਪੁਸ਼ਟੀ ਕਰਦੇ ਹੋਏ ਘੋਸ਼ਣਾ-ਕਮ-ਅੰਡਰਟੇਕਿੰਗ ਜਮ੍ਹਾਂ ਕਰਾਉਣੀ ਪਵੇਗੀ। 6. ਵਿਕਰੀ ਤੋਂ ਬਾਅਦ ਜੇਕਰ ਸਫਲ ਬੋਲੀਕਾਰ ਘੋਸ਼ਣਾ-ਕਮ-ਅੰਡਰਟੇਕਿੰਗ ਜਮ੍ਹਾਂ ਕਰਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਬੋਲੀ EMD ਰਕਮ ਜ਼ਬਤ ਕਰ ਲਈ ਜਾਵੇਗੀ। 7. ਵਿਕਰੀ SARFAESI ਐਕਟ 2002 ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂ, 2002 ਦੇ ਨਿਯਮਾਂ, ਅਤੇ ਉੱਪਰ ਦੱਸੇ ਗਏ ਨਿਯਮਾਂ ਅਤੇ ਸ਼ਰਤਾਂ ਵਿੱਚ ਨਿਰਧਾਰਤ ਸ਼ਰਤਾਂ/ਨਿਯਮਾਂ/ਪ੍ਰਬੰਧਾਂ ਦੇ ਅਧੀਨ ਹੈ।

ਮਿਤੀ : 08.06.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ ਬੈਂਕ ਆਫ ਬੜੌਦਾ

ਬੈਂਕ ਆਫ ਬੜੌਦਾ Bank of Baroda — ਈ-ਨਿਲਾਮੀ ਵਿਕਰੀ ਸੂਚਨਾ

ਬੈਂਕ ਆਫ ਬੜੌਦਾ
ਖ਼ੇਤਰੀ ਦਫ਼ਤਰ : ਜਲੰਧਰ ਖ਼ੇਤਰ, 24, ਪਹਿਲੀ ਮੰਜ਼ਿਲ, ਵਿਜੈ ਨਗਰ, ਫੁੱਟਬਾਲ ਚੌਂਕ, ਜਲੰਧਰ, ਫੋਨ: 0181-5057857,
E-mail: RECOVERY.PJKR@bankofbaroda.bank.in

ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ
"ਅੰਤਿਕਾ IV-ਏ- (ਨਿਯਮ 6 (2) ਅਤੇ 8 (6) ਦੀ ਵਿਵਸਥਾ ਦੇਖੋ)"

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6(2)8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਚੱਲ/ਅਚੱਲ ਸੰਪੱਤੀ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਖਾਤੇ/ਖਾਤਿਆਂ ਵਿਚ ਦਰਸਾਏ ਬਕਾਇਆਂ ਦੀ ਵਸੂਲੀ ਦੇ ਲਈ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ, ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਕਰਜ਼ਦਾਰ (ਾਂ)/ਗਿਰਵੀਕਾਰ (ਾਂ)/ਜ਼ਾਮਨ (ਾਂ)/ਸੁਰੱਖਿਅਤ ਸੰਪੱਤੀ (ਆਂ)/ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਅਤੇ ਸਮਾਂ, ਬਿਆਨਾ ਰਕਮ ਅਤੇ ਬੋਲੀ ਵਾਧਾ ਰਕਮ ਦੇ ਵੇਰਵੇ ਨਿਮਨ ਦਰਸਾਏ ਹਨ :-

ਲੜੀ ਨੰ.	ਸ਼ਾਖਾ ਦਾ ਨਾਮ ਅਤੇ ਕਰਜ਼ਦਾਰ (ਾਂ)/ਗਿਰਵੀਕਾਰ (ਾਂ) ਦਾ ਪਤਾ	ਚੱਲ ਸੰਪੱਤੀ/ਆਂ ਦੇ ਵੇਰਵੇ	ਕਬਜ਼ੇ ਦੀ ਸਰੂਪ	ਸੰਪੱਤੀ ਦਾ ਸਰੂਪ	ਕੁੱਲ ਬਕਾਏ	ਰਾਖਵੀਂ ਕੀਮਤ	(i) ਬੋਲੀ ਦੀ ਸ਼ੁਰੂਆਤੀ ਕੀਮਤ (ii) ਬਿਆਨਾ ਰਕਮ	ਘੱਟੋ ਘੱਟ ਬੋਲੀ ਵਾਧਾ ਰਕਮ	ਈ-ਨਿਲਾਮੀ ਦੀ ਸ਼ੁਰੂਆਤ ਦੀ ਮਿਤੀ ਅਤੇ ਸਮਾਂ	ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ	ਸ਼ਾਖਾ ਪ੍ਰਬੰਧਕ/ ਅਧਿਕਾਰਤ ਅਧਿਕਾਰੀ
1.	ਜੀਟੀ ਰੋਡ ਜਲੰਧਰ ਸ਼ਾਖਾ ਸ਼੍ਰੀਮਤੀ ਪੂਨਮ ਠਾਕੁਰ ਪਤਨੀ ਸਵਰਗਵਾਸੀ ਅਮਿਤ ਠਾਕੁਰ, ਪਤਾ 1: ਮਕਾਨ ਨੰਬਰ 275, ਅਰਬਨ ਅਸਟੇਟ ਫੇਜ਼-2 ਜਲੰਧਰ, ਦੂਜਾ ਪਤਾ: ਮਕਾਨ ਨੰ. 93, ਗਲੀ ਨੰਬਰ 2 ਨਿਊ ਗੁਰੂ ਤੇਗ ਬਹਾਦਰ ਨਗਰ, ਪਿੰਡ ਕਿੰਗਰਾ ਜਲੰਧਰ, (2) ਸ਼੍ਰੀਮਤੀ ਪੂਨਮ ਠਾਕੁਰ ਪਤਨੀ ਸਵਰਗੀ ਅਮਿਤ ਠਾਕੁਰ (ਸਵਰਗੀ ਅਮਿਤ ਠਾਕੁਰ ਦੇ ਕਾਨੂੰਨੀ ਵਾਰਸ) ਮਕਾਨ ਨੰਬਰ 275 ਅਰਬਨ ਅਸਟੇਟ ਫੇਜ਼-2 ਜਲੰਧਰ, ਦੂਜਾ ਪਤਾ; ਮਕਾਨ ਨੰਬਰ 93, ਗਲੀ ਨੰਬਰ 2 ਨਿਊ ਗੁਰੂ ਤੇਗ ਬਹਾਦਰ ਨਗਰ, ਪਿੰਡ ਕਿੰਗਰਾ ਜਲੰਧਰ, (3) ਭਾਵਿਤ (ਨਾਬਾਲਗ) (ਮਾਤਾ ਅਤੇ ਕੁਦਰਤੀ ਸਰਪ੍ਰਸਤ ਪੂਨਮ ਠਾਕੁਰ ਪਤਨੀ ਸਵਰਗੀ ਅਮਿਤ ਠਾਕੁਰ ਦੁਆਰਾ ਸਵਰਗੀ ਅਮਿਤ ਠਾਕੁਰ ਦੇ ਕਾਨੂੰਨੀ ਵਾਰਸ, ਪਤਾ 1: ਮਕਾਨ ਨੰ 275 ਅਰਬਨ ਅਸਟੇਟ ਫੇਜ਼-99 ਜਲੰਧਰ, ਦੂਜਾ ਪਤਾ; ਮਕਾਨ ਨੰਬਰ 93, ਗਲੀ ਨੰ.2 ਨਿਊ ਗੁਰੂ ਤੇਗ ਬਹਾਦਰ ਨਗਰ, ਪਿੰਡ ਕਿੰਗਰਾ ਜਲੰਧਰ।	ਵਿਕਰੀ ਡੀਡ ਨੰਬਰ 2021-22/186/ 1/1369 ਮਿਤੀ 30.04.2021 ਦੇ ਅਨੁਸਾਰ, ਸਵਰਗੀ ਸ਼੍ਰੀ ਅਮਿਤ ਠਾਕੁਰ ਅਤੇ ਪੂਨਮ ਠਾਕੁਰ ਪਤਨੀ ਸਵਰਗੀ ਅਮਿਤ ਠਾਕੁਰ ਦੇ ਨਾਮ ਤੇ ਦਰਜ ਰਿਹਾਇਸ਼ੀ ਜਾਇਦਾਦ ਦਾ ਬਰਾਬਰੀ ਵਾਲਾ ਗਿਰਵੀਨਾਮਾ, ਮਕਾਨ ਨੰਬਰ 93, ਜਿਸਦਾ ਮਾਪ 5.65 ਮਰਲੇ (17-6'x67') ਹੈ, ਜੋ ਕਿ ਗਲੀ ਨੰਬਰ 2 ਗੁਰੂ ਤੇਗ ਬਹਾਦਰ ਨਗਰ, ਅਬਾਦੀ ਪਿੰਡ ਕਿੰਗਰਾ, ਜਲੰਧਰ ਵਿਖੇ ਸਥਿਤ ਹੈ।	ਸੰਕੇਤਕ	ਰਿਹਾਇਸ਼ੀ ਸੰਪੱਤੀ	Rs. 54,62,329/- (ਚੁਰੰਜਾ ਲੱਖ ਬਾਹਠ ਹਜ਼ਾਰ ਤਿੰਨ ਸੌ ਉਨੱਤੀ ਰੁਪਏ ਕੇਵਲ) ਜਮ੍ਹਾਂ ਅਣਵਸੂਲਿਆ ਵਿਆਜ ਜਮ੍ਹਾਂ ਇਕਰਾਰਨਾਮੇ ਵਾਲਾ ਵਿਆਜ 10.11.2025 ਤੋਂ ਭੁਗਤਾਨ ਦੇ ਦਿਨ ਤੱਕ ਭਵਿੱਖੀ ਵਿਆਜ ਸਮੇਤ ਕਾਨੂੰਨੀ ਅਤੇ ਹੋਰ ਖ਼ਰਚੇ।	₹ 53,63,150/-	₹ 53,68,150/- ₹ 5,36,315/-	₹ 5,000/-	25.06.2026 from 02:00 PM to 06:00 PM	ਕੇਵਲ ਅਗਾਊਂ ਪ੍ਰਵਾਨਗੀ 'ਤੇ।	ਦਲੀਪ ਕੁਮਾਰ M: 8288097570
2.	ਮਾਈ ਹੀਰਾ ਗੇਟ, ਸ਼ਾਖਾ 1. ਸ਼੍ਰੀ ਦਲਜੀਤ ਸਿੰਘ ਢੀਂਡਸਾ (ਕਰਜ਼ਦਾਰ) ਪੁੱਤਰ ਸ਼੍ਰੀ ਪ੍ਰਿਤਪਾਲ ਸਿੰਘ ਨੰਬਰ 64, ਗ੍ਰੀਨ ਐਵੀਨਿਊ ਕਲੋਨੀ ਦੀਪ ਨਗਰ, ਜਲੰਧਰ, ਪੰਜਾਬ 2. ਸ਼੍ਰੀ ਨਵਜੋਤ ਸਿੰਘ (ਜ਼ਾਮਨ) ਪੁੱਤਰ ਪਵਿੱਤਰ ਸਿੰਘ, 631 ਰਣਜੀਤ ਇਨਕਲੇਵ ਦੀਪ ਨਗਰ, ਜਲੰਧਰ, ਪੰਜਾਬ।	ਖਸਰਾ ਨੰ. 6//25,8//1,2,10,9// 5,6/2, ਵਿਕਰੀ ਡੀਡ ਨੰ. 4700 ਮਿਤੀ 12.08.2011 ਅਨੁਸਾਰ 3.31 ਮਰਲੇ ਮਾਪ ਵਾਲੇ ਮਕਾਨ ਨੰ. 91, ਗ੍ਰੀਨ ਐਵੇਨਿਊ ਦੀਪ ਨਗਰ, ਜਲੰਧਰ	ਸੰਕੇਤਕ	ਰਿਹਾਇਸ਼ੀ ਸੰਪੱਤੀ	Rs 4,96,710.44/- (ਰੁ. ਚਾਰ ਲੱਖ ਛਿਆਨਵੇਂ ਹਜ਼ਾਰ ਸੱਤ ਸੌ ਦਸ ਅਤੇ ਚੁਤਾਲੀ ਪੈਸੇ ਕੇਵਲ) 28.11.2019 ਨੂੰ ਅਤੇ ਠੇਕਾ ਦਰ 'ਤੇ ਵਿਆਜ ਜਮ੍ਹਾਂ ਭੁਗਤਾਨ ਦੀ ਮਿਤੀ ਤੱਕ ਲਾਗਤ, ਫੀਸਾਂ ਅਤੇ ਖਰਚੇ।	₹ 7,21,395/-	₹ 7,26,395/- ₹ 72,139/-	₹ 5,000/-	25.06.2026 from 02:00 PM to 06:00 PM	ਕੇਵਲ ਅਗਾਊਂ ਪ੍ਰਵਾਨਗੀ 'ਤੇ।	ਸ਼੍ਰੀ ਸੁਨੀਲ ਧੀਮਾਨ M: 8288097572
3.	ਭਗਵਾਨ ਮਹਾਂਵੀਰ ਮਾਰਗ ਸ਼ਾਖਾ 1.ਸ੍ਰੀ ਦਲਜਿੰਦਰ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ ਪਤਾ: ਮਕਾਨ ਨੰ 245 ਨੇੜੇ ਵੇਰਕਾ ਮਿੱਲ ਪਲਾਂਟ, ਕਾਲੀਆ ਕਾਲੋਨੀ ਫੇਜ਼ 1 ਜਲੰਧਰ, ਜਲੰਧਰ ਪੰਜਾਬ-144008 ਅਤੇ 2. ਸ਼੍ਰੀਮਤੀ ਅਮਰਜੀਤ ਕੌਰ ਪਤਨੀ ਸ੍ਰੀ ਜੋਗਾ ਸਿੰਘ ਦੀ ਵਾਸੀ ਸਾਗਰ ਗੇਟ, ਨੇੜੇ ਤੁੰਗਲ ਗੇਟ, ਨਵਾਂਸ਼ਹਿਰ	ਟਾਟਾ ਮੋਟਰ ਕਮਰਸ਼ੀਅਲ ਵਹੀਕਲ ਟਰੱਕ ਜੁਲਾਈ (2024) ਆਰਸੀ ਨੰਬਰ PB08FL3067 ਰੰਗ NP ਭੂਰਾ ਇੰਜਣ ਨੰਬਰ RNPZ105383 ਚੈਸੀ ਨੰਬਰ MB1CWCHD4RPNZ9485	ਭੌਤਿਕ	ਕਮਰਸ਼ੀਅਲ ਵਹੀਕਲ	Rs. 33,92,320/- (ਤੇਤੀ ਲੱਖ ਬਿਆਣਵੇਂ ਹਜ਼ਾਰ ਤਿੰਨ ਸੌ ਵੀਹ ਰੁਪਏ) 25.05.2025 ਨੂੰ ਅਤੇ ਉਸ 'ਤੇ ਵਿਆਜ ਸਮੇਤ	₹ 19,30,902/-	₹ 19,35,902/- ₹ 1,93,090/-	₹ 5,000/-	25.06.2026 from 02:00 PM to 06:00 PM	ਕੇਵਲ ਅਗਾਊਂ ਪ੍ਰਵਾਨਗੀ 'ਤੇ।	ਸ੍ਰੀ ਅਸ਼ਵਨੀ ਅਰੋੜਾ M: 85578 91758
4.	ਮਹਿਤਾ ਸ਼ਾਖਾ (i) ਸ਼੍ਰੀਮਤੀ ਸਰਬਜੀਤ ਕੌਰ, ਪਤਾ: ਪਿੰਡ ਪੰਜ ਢੇਰਾ ਨਵੀਂ ਅਬਾਦੀ, ਫਿਲੌਰ, ਜਲੰਧਰ-144410	ਕਾਰ ਬ੍ਰੇਜ਼ਾ ਮਾਰੂਤੀ VXI (5 ਸੀਟਰ) ਚੈਸੀ ਨੰਬਰ MA3RYHK1SP7275172, ਇੰਜਣ ਨੰਬਰ K15CN9289717, ਰੰਗ ਪਰਲ ਆਰਕਟਿਕ ਚਿੱਟਾ, ਬਾਲਣ ਪੈਟਰੋਲ ਰਜਿਸਟਰੇਸ਼ਨ ਨੰਬਰ PB 37 k2894 05.04.2031 ਤੱਕ ਵੈਧ ਨਿਰਮਾਣ: 07/2023	ਭੌਤਿਕ	ਮੋਟਰ ਵਹੀਕਲ	Rs. 8,05,945/- (ਅੱਠ ਲੱਖ ਪੰਜ ਹਜ਼ਾਰ ਨੌਂ ਸੌ ਪੈਂਤਾਲੀ ਰੁਪਏ ਕੇਵਲ) 05.10.2025 ਨੂੰ ਕਾਰ ਲੋਨ 'ਤੇ ਵਿਆਜ ਅਤੇ ਹੋਰ ਖ਼ਰਚਿਆਂ ਦੇ ਨਾਲ	₹ 6,30,000/-	₹ 6,35,000/- ₹ 63,000/-	₹ 5,000/-	25.06.2026 from 02:00 PM to 06:00 PM	ਕੇਵਲ ਅਗਾਊਂ ਪ੍ਰਵਾਨਗੀ 'ਤੇ।	ਹਰਪ੍ਰੀਤ ਕੌਰ 9878249358

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ ਵੈਬਸਾਈਟ ਲਿੰਕ https://www.bankofbaroda.in/e-auction.htm ਅਤੇ ਆਨਲਾਈਨ ਨਿਲਾਮੀ ਪੋਰਟਲ https://baanknet.com ਦਾ ਹਵਾਲਾ ਲਓ/ਨੂੰ ਦੇਖੋ। ਇਛੁੱਕ ਬੋਲੀਕਾਰ ਉਕਤ ਅਧਿਕਾਰਤ ਅਧਿਕਾਰੀ ਨੂੰ ਵੀ ਸੰਪਰਕ ਕਰ ਸਕਦੇ ਹਨ।

ਬਿਆਨਾ ਰਕਮ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ : 25.06.2026 ਨੂੰ ਸ਼ਾਮ 6.00 ਵਜੇ ਤੱਕ
• ਈ-ਨਿਲਾਮੀ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ : 25.06.2026 ਨੂੰ ਦੁਪਹਿਰ 02.00 ਵਜੇ ਤੋਂ ਸ਼ਾਮ 06.00 ਵਜੇ ਤੱਕ।

ਇਸ ਨੂੰ ਸਰਫਾਇਸੀ ਐਕਟ 2002 ਦੇ ਅਧੀਨ ਲਈ 15 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ ਵਜੋਂ ਸਮਝਿਆ ਜਾਵੇ

ਮਿਤੀ : 08.06.2026 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ